# ਹੁਣ ਏਅਰ ਇੰਡੀਆ ਨਹੀਂ ਲਵੇਗੀ ਕੈਂਸਲੇਸ਼ਨ ਚਾਰਜ



ਨਵੀਂ ਦਿੱਲੀ/ ਵੈਬ ਡੈਸ਼ਕ:

ਏਅਰ ਇੰਡੀਆ ਦੇ ਯਾਤਰੀਆਂ ਲਈ ਖੁਸ਼ੀ ਦੀ ਖਬਰ ਹੈ ਕਿ 1 ਮਈ ਤੋਂ ਏਅਰ ਇੰਡੀਆ ਯਾਤਰੀਆਂ ਨੂੰ ਇਕ ਵੱਡੀ ਸਹੂਲਤ ਦਿੰਦਿਆ ਕਿਹਾ ਹੈ ਕਿ ਏਅਰ ਇੰਡੀਆ ਦੇ ਯਾਤਰੀਆਂ ਨੂੰ ਟਿਕਟ ਕੈਂਸਲ ਕਰਵਾਉਣ 'ਤੇ ਕੋਈ ਐਕਸਟਰਾ ਚਾਰਜ ਨਹੀਂ ਦੇਣਾ ਪਵੇਗਾ।

ਏਅਰ ਇੰਡੀਆ ਕੰਪਨੀ ਨੇ ਟਿਕਟ ਬੁਕਿੰਗ ਦੇ 24 ਘੰਟਿਆਂ ਦੇ ਅੰਦਰ ਉਸ ਨੂੰ ਕੈਂਸਲ ਕਰਨ ਜਾਂ ਬਦਲਾਅ ਕੀਤੇ ਜਾਣ ਤੇ ਚਾਰਜ ਖ਼ਤਮ ਕਰ ਦਿੱਤਾ ਹੈ। ਏਅਰ ਇੰਡੀਆ ਨੇ ਬੀਤੀ 24 ਅਪ੍ਰੈਲ ਨੂੰ ਜਾਰੀ ਹੋਏ ਇਕ ਸਰਕੂਲਰ 'ਚ ਇਸ ਦੀ ਜਾਣਕਾਰੀ ਦਿੱਤੀ ਹੈ। ਇਹ ਸਹੂਲਤ 1 ਮਈ ਤੋਂ ਚਾਲੂ ਕੀਤੀ ਗਈ ਹੈ।

## ਕੋਰੋਨਾ ਵਾਈਰਸ ਕਾਰਨ ਹੋਏ ਲਾਕ-ਡਾਉਨ ਕਰਕੇ ਮਾਰੂਤੀ ਸਜ਼ੂਕੀ ਨੇ ਪਿਛਲੇ ਮਹੀਨੇ ਅਪ੍ਰੈਲ 2020 ਵਿੱਚ ਕੋਈ ਵੀ ਨਹੀਂ ਵੇਚੀ ਕਾਰ



ਨਵੀਂ ਦਿੱਲੀ/ 01 ਮਈ 2020/ ਵੈਬ ਡੈਸਕ :

ਦੇਸ਼ ਦੀ ਸਭ ਤੋਂ ਵੱਡੀ ਕਾਰ ਨਿਰਮਾਤਾ ਕੰਪਨੀ ਮਾਰੂਤੀ ਸਜ਼ੂਕੀ ਇੰਡੀਆ ਲਿਮੀਟਡ ਨੇ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਕਾਰਾ ਵੇਚਦੀ ਹੈ ਪਰ ਕੋਰੋਨਾ ਵਾਈਰਸ ਕਾਰਨ ਹੋਏ ਲਾਕ-ਡਾਉਨ ਕਰਕੇ ਮਾਰੂਤੀ ਸਜ਼ੂਕੀ ਨੇ ਪਿਛਲੇ ਮਹੀਨੇ ਅਪ੍ਰੈਲ 2020 ਵਿੱਚ ਕੋਈ ਵੀ ਕਾਰ ਨਹੀਂ ਵੇਚੀ ਹੈ।

ਮਾਰੂਤੀ ਸਜ਼ੂਕੀ ਇੰਡੀਆ ਲਿਮੀਟਡ ਕੰਪਨੀ ਅਨੁਸਾਰ ਪਿਛਲੇ ਮਹੀਨੇ ਘਰੇਲੂ ਬਾਜ਼ਾਰ 'ਚ ਇਕ ਵੀ ਗੱਡੀ ਦੀ ਵਿਕਰੀ ਨਹੀਂ ਹੋਈ ਕਿਉਂਕਿ ਸਰਕਾਰ ਨੇ ਲਾਕਡਾਊਨ ਦੇ ਫ਼ੈਸਲੇ ਕਾਰਨ ਸਾਰੇ ਗਾਹਕ ਆਪਣੇ-ਆਪਣੇ ਘਰਾ ਵਿੱਚ ਸੀ ਅਤੇ ਸਾਰੀਆਂ ਪ੍ਰੋਡਕਸ਼ਨ ਸੁਵਿਧਾਵਾਂ ਬੰਦ ਕੀਤੀਆਂ ਗਈਆਂ ਸਨ। ਕੰਪਨੀ ਦੇ ਇਕ ਬੁਲਾਰੇ ਨੇ ਕਿਹਾ ਕਿ ਵਿਕਰੀ 'ਚ ਇਸ ਗਿਰਾਵਟ ਦਾ ਮੁੱਖ ਕਾਰਨ ਕੋਰੋਨਾ ਵਾਇਰਸ ਦਾ ਪ੍ਰਕੋਪ ਹੀ ਹੈ।




## ਖਾਲਸਾ ਮੋਟਰਸਾਈਕਲ ਟੀਮ ਦੁਬਈ ਵੱਲੋਂ ਰਮਜ਼ਾਨ ਦੇ ਪਵਿੱਤਰ ਮਹੀਨੇ ਅਤੇ ਮਜ਼ਦੂਰ ਦਿਵਸ ਨੂੰ ਸਮਰਪਿਤ ਇੱਕ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ



ਦੁਬਈ/ 01 ਮਈ 2020/ ਸਖਚੈਨ ਸਿੰਘ ਠੱਠੀ ਭਾਈ ਯੂ.ਏ.ਈ.

ਦੇਸ਼ਾਂ ਵਿਦੇਸ਼ਾਂ ਵਿੱਚ ਰਹਿਣ ਵਾਲੇ ਸਿੱਖ ਭਰਾ ਸਮੇਂ-ਸਮੇਂ ਤੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਤੱਤਪਰ ਰਹਿੰਦੇ ਹਨ। ਇਸੇ ਤਰ੍ਹਾਂ ਸੱਚ ਦੇ ਮਾਰਗ ਤੇ ਚੱਲਦਿਆਂ 1 ਮਈ 2020 ਨੂੰ ਖਾਲਸਾ ਮੋਟਰਸਾਈਕਲ ਟੀਮ ਦੁਬਈ ਵੱਲੋਂ ਰਮਜ਼ਾਨ ਦੇ ਪਵਿੱਤਰ ਮਹੀਨੇ ਅਤੇ ਮਜ਼ਦੂਰ ਦਿਵਸ ਨੂੰ ਸਮਰਪਿਤ ਇੱਕ ਖ਼ੂਨਦਾਨ ਕੈਂਪ ਆਯੋਜਿਤ ਕੀਤਾ ਗਿਆ।

ਯੂ.ਏ.ਈ. ਵਿੱਚ ਰਮਜ਼ਾਨ ਦੇ ਮਹੀਨੇ ਦੌਰਾਨ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਕਾਫੀ ਖ਼ੂਨ ਦੀ ਕਮੀਂ ਆ ਜਾਂਦੀ ਹੈ। ਖਾਲਸਾ ਮੋਟਰਸਾਈਕਲ ਟੀਮ ਅਤੇ ਉਨ੍ਹਾਂ ਦੇ ਚੇਅਰਮੈਨ ਸੁਖਦੇਵ ਸਿੰਘ ਜੀ ਸੰਧੂ ਵੱਲੋਂ ਹਮੇਸ਼ਾ ਹੀ ਸਮਾਜ ਦੀ ਸੇਵਾ ਵਾਸਤੇ ਉਪਰਾਲੇ ਕੀਤੇ ਜਾਂਦੇ ਹਨ। ਰਮਜ਼ਾਨ ਦੇ ਪਵਿੱਤਰ ਮਹੀਨੇ ਨੂੰ ਮੁੱਖ ਰੱਖਦਿਆਂ ਸਿੱਖ ਕਮਿਊਨਿਟੀ ਦੇ ਵਰਕਰਾਂ, ਟਰਾਂਸਪੋਰਟਰਾਂ ਅਤੇ ਹਰ ਵਰਗ ਦੇ ਲੋਕਾਂ ਵੱਲੋਂ ਯੋਗਦਾਨ ਪਾਇਆ ਜਾਂਦਾ ਹੈ। ਖ਼ੂਨਦਾਨ ਇੱਕ ਮਹਾਂਦਾਨ ਮੰਨਿਆ ਜਾਂਦਾ ਹੈ। ਸਾਰੇ ਹੀ ਵਰਗ ਦੇ ਲੋਕ ਇਸ ਕਾਰਜ ਵਿੱਚ ਹਿੱਸਾ ਪਾਉਂਦੇ ਹਨ।

ਇਸ ਕੈਪ ਵਿੱਚ ਕਰੀਬ ਸੌ ਤੋਂ ਵੱਧ ਲੋਕਾਂ ਵੱਲੋਂ ਖ਼ੂਨਦਾਨ ਕੀਤਾ ਗਿਆ। ਇਸ ਸੇਵਾ ਦੇ ਮੌਕੇ ਖਾਲਸਾ ਮੋਟਰਸਾਈਕਲ ਟੀਮ ਦੇ ਸੇਵਾਦਾਰ ਸੁਖਦੇਵ ਸਿੰਘ ਸੰਧੂ, ਹਰਦੀਪ ਪਾਲ ਸਿੰਘ, ਹਰਪਾਲ ਸਿੰਘ, ਹਰਜਿੰਦਰ ਸਿੰਘ, ਗੁਰਦੇਵ ਸਿੰਘ ਗਿੱਲ, ਜੁਗਰਾਜ ਸਿੰਘ ਸੰਧੂ, ਦਿਲਬਾਗ ਸਿੰਘ, ਜਸਬੀਰ ਸਿੰਘ, ਸਤਿੰਦਰ ਸਿੰਘ ਵਿੱਕੀ, ਹਰਿੰਦਰ ਪਾਲ ਸਿੰਘ, ਪਲਵਿੰਦਰ ਸਿੰਘ ਸ਼ਾਮਲ ਸਨ।

ਸ਼ਾਰਜਾਹ ਗੌਰਮਿੰਟ ਅਤੇ ਖਾਲਸਾ ਮੋਟਰਸਾਈਕਲ ਟੀਮ ਵੱਲੋਂ ਆਏ ਹੋਏ ਖ਼ੂਨਦਾਨੀਆਂ ਦਾ ਧੰਨਵਾਦ ਕੀਤਾ ਗਿਆ। ਖਾਲਸਾ ਮੋਟਰਸਾਈਕਲ ਟੀਮ ਅਤੇ ਸਾਰੇ ਹੀ ਸੇਵਾਦਾਰਾਂ ਨੂੰ ਵਾਹਿਗੁਰੂ ਚੜਦੀ ਕਲਾ ਵਿੱਚ ਰੱਖੇ।

**Special Note:** We do not guarantee/claim that the information we have gathered is 100% correct. Most of the information used in News and Articles are collected from social media and from other Internet sources.

If you feel any offense regarding Information and pictures shared by us, you are free to send us a message below that blog post. We will act immediately and delete that offensive thing.

Chief Editor: (Bhawandeep Singh Purba)
'Mehak Watan Di Live Bearou'
Help Line: (+91) - 9988-92-9988
E-mail: mehakwattandi@rediffmail.com

ਸਾਂਝਾ ਕਾਲਮ...

TikTok
Tiktok News

ਬੱਚੀਆਂ ਦੇ ਸ਼ੁਭਚਿੰਤਕ ਸਿਰਫ ਟਿਕ ਟੌਕ, ਮੋਬਾਇਲ ਫੋਨ ਜਾਂ ਹੋਰ ਕਿਸੇ ਵੀ ਆਨਲਾਈਨ ਮਾਧਿਅਮ ਨਾਲ ਰਾਬਤਾ ਬਣਾਉਣ ਨੂੰ ਦੇਣ ਤਰਜੀਹ-ਸੀਨੀਅਰ ਕਪਤਾਨ ਪੁਲਿਸ

## ਮੋਗਾ ਪੁਲਸ ਪਹੁੰਚੀ 5 ਸਾਲ ਦੇ ਟਿਕ ਟੌਕ ਸਟਾਰ ਦੇ ਘਰ, ਬੱਚਿਆਂ ਦੀ ਮਸ਼ਹੂਰੀ ਕਾਰਨ ਮਿਲ਼ ਰਹੇ ਲੋਕਾਂ ਤੋਂ ਸਾਮਾਜਕ ਦੂਰੀ ਬਣਾ ਕੇ ਰੱਖਣ ਦੀ ਦਿੱਤੀ ਸਿਖਿਆ

ਮੋਗਾ/ 01 ਮਈ 2020/ ਭਵਨਦੀਪ ਸਿੰਘ ਪੁਰਬਾ



ਜ਼ਿਲਾ ਮੋਗਾ ਦੇ ਪਿੰਡ ਭਿੰਡਰ ਕਲਾਂ ਦੀਆਂ ਟਿਕ ਟੋਕ ਸੋਸ਼ਲ ਮੀਡੀਆ ਦੀਆਂ ਸਟਾਰ ਬੱਚੀਆਂ 5 ਸਾਲ ਦੀ ਨੂਰਪ੍ਰੀਤ ਕੌਰ ਅਤੇ ਉਸ ਦੀ ਭੈਣ 9 ਸਾਲਾ ਜ਼ਸਨਪ੍ਰੀਤ ਦੇ ਘਰ ਮੋਗਾ ਪੁਲਸ ਦੀ ਟੀਮ ਬੱਚਿਆਂ ਨੂੰ ਉਤਸ਼ਾਹਿਤ ਕਰਨ ਅਤੇ ਉਹਨਾਂ ਦੇ ਪਰਿਵਾਰ ਨੂੰ ਕੋਵਿਡ ਕਾਰਨ ਘੱਟ ਤੋਂ ਘੱਟ ਲੋਕਾਂ ਨੂੰ ਮਿਲਣ ਲਈ ਪ੍ਰੇਰਤ ਕਰਨ ਲਈ ਪਹੁੰਚੀ।

ਦੋਵੇਂ ਬੱਚਿਆਂ ਆਪਣੀਆਂ ਹਾਸ ਰਸ ਅਤੇ ਸੰਕੇਤਕ ਵੀਡੀਓਜ਼ ਕਾਰਣ ਅੱਜਕੱਲ ਸ਼ੋਸਲ ਮੀਡੀਆ ਟਿਕ ਟੌਕ ਉੱਪਰ ਕਾਫ਼ੀ ਮਸ਼ਹੂਰ ਹੋ ਗਈਆਂ ਹਨ।

ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸੀਨੀਅਰ ਕਪਤਾਨ ਪੁਲਿਸ ਸ੍ਰੀ ਹਰਮਨਬੀਰ ਸਿੰਘ ਗਿੱਲ ਨੇ ਦੱਸਿਆ ਕਿ ਇਨਾਂ ਬੱਚੀਆਂ ਨੇ ਸਾਬਤ ਕਰ ਦਿੱਤਾ ਕਿ ਘਰ ਰਹਿ ਕੇ ਵੀ ਲੋਕਾਂ ਵਿੱਚ ਚੰਗੀ ਜਾਣਕਾਰੀ ਵਿਲੱਖਣ ਢੰਗ ਨਾਲ ਪਹੁੰਚਾਈ ਜਾ ਸਕਦੀ ਹੈ। ਇਸਦੇ ਨਾਲ ਹੀ ਮੋਗਾ ਪੁਲਿਸ ਵੱਲੋ ਬੱਚੀਆਂ ਨੂੰ ਕਰੋਨਾ ਵਾਈਰਸ ਦੇ ਸੰਕਰਮਣ ਨੂੰ ਫੈਲਣ ਤੋ ਰੋਕਣ ਲਈ ਸਮਜਿਕ ਦੂਰੀ ਬਾਰੇ ਸਮਝਾਉਦਿਆਂ ਕਿਹਾ ਕਿ ਜੇਕਰ ਕੋਈ ਵੀ ਉਨਾਂ ਨੂੰ ਮਿਲਣ ਦਾ ਚਾਹਵਾਨ ਵਿਅਕਤੀ ਆਉਦਾ ਹੈ ਤਾਂ ਉਹ ਉਸਤੋ ਘੱਟ ਤੋ ਘੱਟ 1 ਮੀਟਰ ਦੀ ਦੂਰੀ ਬਣਾ ਕੇ ਹੀ ਮਿਲਣ।



ਉਹਨਾਂ ਦੇ ਪਰਿਵਾਰ ਨੂੰ ਦੱਸਿਆ ਗਿਆ ਕਿ ਉਹ ਕਿਸੇ ਵੀ ਨੂੰ ਵੀ ਬੱਚਿਆਂ ਨੂੰ ਹੱਥ ਨਾ ਲਗਾਉਣ ਦੇਣ ਅਤੇ ਨਾ ਹੀ ਆਪ ਕਿਸੇ ਨੂੰ ਮਿਲਣ। ਮੋਗਾ ਪੁਲਸ ਵਾਲੋਂ ਡੀ ਐੱਸ ਪੀ ਸੁਖਵਿੰਦਰ ਸੈਣੀ ਅਤੇ ਰਮਨਦੀਪ ਭੁੱਲਰ ਆਪਣੀ ਟੀਮ ਦੇ ਨਾਲ ਬੱਚਿਆਂ ਨੂੰ ਮਿਲੇ। ਸਾਮਾਜਿਕ ਦੂਰੀ ਬਣਾਏ ਰੱਖਦੇ ਹੋਏ ਉਹਨਾਂ ਨੇ ਬੱਚਿਆਂ ਦੇ ਮਾਤਾ ਪਿਤਾ ਅਤੇ ਹੋਰ ਲੋਕਾਂ ਨੂੰ ਸਮਝਾਇਆ ਕਿ ਉਹ ਘਰ ਹੀ ਰਹਿਣ। ਇਸ ਮੌਕੇ ਡੀ ਐੱਸ ਪੀ ਸੁਖਵਿੰਦਰ ਸੈਣੀ ਅਤੇ ਰਮਨਦੀਪ ਭੁੱਲਰ ਵੱਲੋਂ ਪਰਿਵਾਰ ਨੂੰ ਰੁ 5100 ਦੇ ਕੇ ਸਨਮਾਨਤ ਕੀਤਾ ਗਿਆ।

ਸੀਨੀਅਰ ਕਪਤਾਨ ਪੁਲਿਸ ਨੇ ਮੋਗਾ ਵਾਸੀਆਂ ਨੂੰ ਅਪੀਲ ਕੀਤੀ ਕਿ ਇਨਾਂ ਨੰਨੀਆਂ ਬੱਚੀਆਂ ਦੇ ਸੁਭਚਿੰਤਕ ਜੋ ਵੀ ਇਨਾਂ ਨੂੰ ਮਿਲਣ ਦੇ ਚਾਹਵਾਨ ਹਨ ਕਰੋਨਾ ਵਾਈਰਸ ਦੇ ਬੁਰੇ ਪ੍ਰਭਾਵ ਨੂੰ ਵੇਖਦਿਆਂ ਬੱਚੀ ਸਮਾਜਿਕ ਦੂਰੀ ਦੇ ਨਿਯਮ ਦੀ ਪਾਲਣਾ ਕਰਕੇ ਹੀ ਮਿਲਣ ਅਤੇ ਜਿੰਨਾਂ ਹੋ ਸਕਦਾ ਹੈ ਬੱਚੀ ਨੂੰ ਘਰ ਬੈਠ ਕੇ ਹੀ ਉਸਦੇ ਮੋਬਾਇਲ ਨੰਬਰ, ਟਿਕ ਟੌਕ ਅਕਾਊਟ ਜਾਂ ਹੋਰ ਕਿਸੇ ਆਨਲਾਈਨ ਮਾਧਿਅਮ ਰਾਹੀ ਰਾਬਤਾ ਬਣਾਉਣ ਨੂੰ ਤਰਜੀਹ ਦੇਣ।

ਸੀਨਅਰ ਕਪਤਾਨ ਨੇ ਦੱਸਿਆ ਕਿ ਜਿਲਾ ਵਾਸੀਆਂ ਨੇ ਹੁਣ ਤੱਕ ਕਰਫਿਊ ਦੌਰਾਨ ਪੁਲਿਸ ਪ੍ਰਸ਼ਾਸਨ ਦਾ ਪੂਰਨ ਸਹਿਯੋਗ ਦਿੱਤਾ ਹੈ ਅਤੇ ਉਨਾਂ ਉਮੀਦ ਜਿਤਾਈ ਕਿ ਉਹ ਅੱਗੇ ਵੀ ਪੁਲਿਸ ਪ੍ਰਸ਼ਾਸਨ ਦਾ ਸਹਿਯੋਗ ਦੇਣਗੇ.







